17/13-2013-ਇਸ਼ੈ  (1)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ,
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
3. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਪੰਜਾਬ
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

DGSE(M)
14/8/2013
S.O
14/8
APD (Civil)

ਮੀਮੋ ਨੰ: 3/732/2013-2ਸਿ6/ 84180/1
ਮਿਤੀ: ਚੰਡੀਗੜ੍ਹ: 13-8-13

ਵਿਸ਼ਾ:- **ਵੱਖ-ਵੱਖ ਮਹਿਕਮਿਆਂ ਦੇ ਵਿਦੇਸ਼ਾਂ ਵਿੱਚ ਪਰਮਾਨੈਂਟ ਰੈਜ਼ੀਡੈਂਸ/ਗਰੀਨ ਕਾਰਡ ਹੋਲਡਰ ਮੁਲਾਜ਼ਮਾਂ ਦੀ ਸੂਚੀ ਭੇਜਣ ਬਾਰੇ।**

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਚੌਕਸੀ ਵਿਭਾਗ (ਚੌਕਸੀ-2 ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰ: 18/22/2013-4ਚ2/7465-66 ਮਿਤੀ 19.7.2013 ਦੀ ਕਾਪੀ ਸਹਿਪੱਤਰਾਂ ਸਮੇਤ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਸਬੰਧੀ ਸੂਚਨਾ ਸਿੱਧੇ ਤੌਰ ਤੇ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਕੀਤੀ ਗਈ ਕਾਰਵਾਈ ਬਾਰੇ ਸਰਕਾਰ ਨੂੰ ਸੂਚਿਤ ਕੀਤਾ ਜਾਵੇ।

ਸੁਪਰਡੰਟ

ਇਸ ਦਾ ਇੱਕ ਉਤਾਰਾ ਸੁਪਰਡੰਟ, ਸਿੱਖਿਆ-2, 3, 4, 5, ਅਤੇ 7 ਸ਼ਾਖਾ ਨੂੰ ਤੁਰੰਤ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

O/o DGSE Cum SPD Sarva Shiksha Central Dak No. 77117 14/8/13

ਸੇਵਾ ਵਿਖੇ,

ਸੁਪਰਡੰਟ,
ਸਿੱਖਿਆ-2, 3, 4, 5 ਅਤੇ 7 ਸ਼ਾਖਾ।

ਅੰ:ਵਿ:ਪੱ:ਨੰ: 3/732/2013-2ਸਿ6/ ਮਿਤੀ: ਚੰਡੀਗੜ੍ਹ:

2603650

# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।

ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)
ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
ਈ-ਮੇਲ:ddssa777@gmail.com Website: ssapunjab.org


## ਇੰਨਫੋਰਸਮੈਂਟ ਸੈੱਲ

ਪਿਠਅੰਕਣ ਨੰਬਰ:17/13-2013 ਇੰਨਫੋਰਸਮੈਂਟ(1)/013511-13 ਮਿਤੀ,ਮੋਹਾਲੀ: 17/8/13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

(1) ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿਖਿਆ ਵਿਭਾਗ(ਸਿ:6 ਸ਼ਾਖਾ) ਚੰਡੀਗੜ੍ਹ ਜੀ ਨੂੰ ਉਹਨਾਂ ਦੇ ਮੀਮੋ ਨੰਬਰ: 3/732/2013-2 ਸਿ6/84180 /1,ਮਿਤੀ 13.8.13 ਦੇ ਹਵਾਲੇ ਵਿੱਚ।

(2) ਮੰਡਲ ਸਿੱਖਿਆ ਅਫਸਰ ਜਲੰਧਰ,ਪਟਿਆਲਾ ਐਟ ਨਾਭਾ ਅਤੇ ਫਰੀਦਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ,ਸਿੱਖਿਆ ਵਿਭਾਗ(ਸਿਖਿਆ:6 ਸ਼ਾਖਾ) ਦੇ ਪੱਤਰ ਨੰਬਰ:3/732/2013-2 ਸਿ6/84180 /1,ਮਿਤੀ 13.8.13 ਸਮੇਤ ਚੌਕਸੀ ਵਿਭਾਗ(ਚੌਕਸੀ-2 ਸ਼ਾਖਾ) ਵਲੋਂ ਪ੍ਰਾਪਤ ਪੱਤਰ:18/22/2013 -4ਚ2 /7465-66,ਮਿਤੀ 19.7.2013 ਰਾਹੀਂ ਮੰਗੀ ਗਈ ਸੂਚਨਾਂ ਆਪਣੇ ਆਪਣੇ ਮੰਡਲ ਨਾਲ ਸਬੰਧਤ ਜਿਲਿਆਂ ਤੋਂ ਇੱਕਤਰ ਕਰਕੇ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਮੁੱਖ ਡਾਇਰੈਕਟਰ,ਵਿਜੀਲੈਂਸ ਬਿਊਰੋ,ਪੰਜਾਬ,ਚੰਡੀਗੜ੍ਹ ਨੂੰ ਭੇਜਕੇ ਸਰਕਾਰ/ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

(3) ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)ਅਤੇ (ਐ:ਸਿ:) ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਆਪਣੇ ਜਿਲੇ ਨਾਲ ਸਬੰਧਤ ਸੂਚਨਾਂ ਸਬੰਧਤ ਮੰਡਲ ਸਿੱਖਿਆ ਅਫਸਰ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇ।

17/8/13.

ਡਿਪਟੀ ਡਾਇਰੈਕਟਰ(ਇਨਫੋਰਸਮੈਂਟ)

(3)

ਪੀਏ / ਵਿ.ਸਸੀਸ. 346
ਮਿਤੀ ਚੰਡੀਗੜ। 25/7/13

ਦਫਤਰ ਪ੍ਰਮੁੱਖ ਸਕੱਤਰ
ਸਕੂਲ ਸਿੱਖਿਆ ਪੰਜਾਬ
ਫਾਇਲ ਨੰ. 5492
ਪ੍ਰਾਪਤੀ ਦੀ ਮਿਤੀ
ਭੇਜਣ ਦੀ ਮਿਤੀ 25/7/13

ਪੰਜਾਬ ਸਰਕਾਰ
ਚੌਕਸੀ ਵਿਭਾਗ
(ਚੌਕਸੀ-2 ਸ਼ਾਖਾ)

ਵਿਸ਼ਾ: ਵੱਖ -ਵੱਖ ਮਹਿਕਮਿਆਂ ਦੇ ਵਿਦੇਸ਼ਾਂ ਵਿੱਚ ਪਰਮਾਨੈਂਟ ਰੈਜੀਡੈਂਸ/ਗਰੀਨ ਕਾਰਡ ਹੋਲਡਰ ਮੁਲਾਜਮਾਂ ਦੀ ਸੂਚੀ ਭੇਜਣ ਬਾਰੇ।

*******

ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਚੌਕਸੀ ਬਿਓਰੋ ਦੇ ਪੱਤਰ ਨੰ:24480/ਵਬ/ਐਸ-10 ਮਿਤੀ 21/6/13 ਦੀ ਕਾਪੀ ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ। ਇਸ ਸਬੰਧ ਵਿੱਚ ਆਪ ਦੇ ਵਿਭਾਗ ਵਿੱਚ ਅਤੇ ਆਪ ਦੇ ਵਿਭਾਗ ਅਧੀਨ ਆਉਂਦੇ ਅਦਾਰਿਆਂ ਦੇ ਹੁਣ ਤੱਕ ਜਿਤਨੇ ਮੁਲਾਜਮਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਪਰਮਾਨੈਂਟ ਰੈਜੀਡੈਂਸੀ (ਪੀ.ਆਰ.) ਹਾਸਲ ਕੀਤੀ ਹੈ ਜਾਂ ਗਰੀਨ ਕਾਰਡ ਬਨਾਏ ਹੋਏ ਹਨ, ਉਨ੍ਹਾਂ ਸਾਰਿਆ ਮੁਲਾਜਮਾਂ ਦੇ ਨਾਵਾਂ ਅਤੇ ਆਹੁਦਿਆਂ ਦੀ ਸੂਚੀ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ ਦੇ ਦਫਤਰ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਅਤੇ ਇਕ ਕਾਪੀ ਚੌਕਸੀ ਵਿਭਾਗ ਨੂੰ ਵੀ ਸੂਚਨਾ ਹਿੱਤ ਭੇਜੀ ਜਾਵੇ ਜੀ।

ਅਧੀਨ ਸਕੱਤਰ,ਚੌਕਸੀ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ,ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅੰ:ਵਿ:ਪ:ਨੰ:18/22/13-4ਚ2/7465 ਮਿਤੀ,ਚੰਡੀਗੜ੍ਹ: 9/7/2013

ਪਿ:ਅੰ:ਨੰ:18/22/13-4ਚ2/7466 ਮਿਤੀ,ਚੰਡੀਗੜ੍ਹ: 9/7/2013

ਉਤਾਰਾ ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ:24480/ਵਬ/ਐਸ-10 ਮਿਤੀ 21/6/13 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ,ਚੌਕਸੀ

732
01-8-13

VIGILANCE BUREAU, PUNJAB
Head Quarter, SCO-60-61, Sector-17-D
Chandigarh, Phone No. 0172-2727201
Fax: 0172-2703621

ਵਿਜੀਲੈਂਸ ਬਿਓਰੋ, ਪੰਜਾਬ
ਮੁੱਖ ਦਫਤਰ,ਐਸ.ਸੀ.ਓ.60-61,ਸੈਕਟਰ-17 ਡੀ
ਚੰਡੀਗੜ੍ਹ। ਫੋਨ ਨੰ: 0172-2727201
ਫੈਕਸ: 0172-2703621

ਸੇਵਾ ਵਿਖੇ

ਸਕੱਤਰ,ਪੰਜਾਬ ਸਰਕਾਰ,
ਚੌਕਸੀ ਵਿਭਾਗ,ਚੰਡੀਗੜ੍ਹ।

ਨੰ: 24480 ਵਬ/ਐਸ-10 , ਮਿਤੀ,ਚੰਡੀਗੜ੍ਹ: 21-6-13

ਵਿਸ਼ਾ: ਵਿਜੀਲੈਂਸ ਇੰਨਕੁਆਰੀ ਨੰ: 2/09 ਲੁਧਿਆਣਾ ਵਿਰੁੱਧ ਕੌਰ ਸਿੰਘ ਖੇਤੀਬਾੜੀ ਅਫਸਰ ਲੁਧਿਆਣਾ।

ਯਾਦ ਪੱਤਰ:

ਵਿਜੀਲੈਂਸ ਬਿਓਰੋ ਵਿੱਚ ਵੱਖ ਵੱਖ ਪ੍ਰਾਪਤ ਸਿਕਾਇਤਾਂ/ਵਿਜੀਲੈਂਸ ਇੰਨਕੁਆਰੀਆਂ ਦੀਆਂ ਪੜਤਾਲ ਦੌਰਾਨ ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਮੁਲਾਜਮ ਕਨੇਡਾ ਵਿੱਚ ਅਤੇ ਹੋਰਨਾਂ ਦੇਸਾਂ ਵਿੱਚ ਪੀ ਆਰ ਲੈਣ ਉਪਰੰਤ ਪੰਜਾਬ ਸਿਵਲ ਸਰਵਿਸਜ ਰੂਲਾਂ ਦੀ ਵੱਡੇ ਪੱਧਰ ਤੇ ਉਲੰਘਣਾ ਕਰ ਰਹੇ ਹਨ। ਇਹ ਮੁਲਾਜਮ ਲੰਬੀ ਛੁੱਟੀ ਲੈ ਲੈਂਦੇ ਹਨ ਅਤੇ ਬਾਹਰਲੇ ਦੇਸਾਂ ਵਿੱਚ ਜਾ ਕੇ ਰੁਜਗਾਰ ਅਤੇ ਹੋਰ ਸਰਕਾਰੀ ਲਾਭ ਹਾਸਲ ਕਰਦੇ ਹਨ ਅਤੇ ਉਥੇ ਜਾ ਕੇ ਕਰਜੇ ਹਾਸਲ ਕਰਦੇ ਹਨ ਅਤੇ ਅਜਿਹੀਆਂ ਕਾਰਵਾਈਆਂ ਬਾਰੇ ਆਪਣੇ ਪ੍ਰਬੰਧਕੀ ਵਿਭਾਗਾਂ ਨੂੰ ਵੀ ਸੂਚਿਤ ਨਹੀਂ ਕਰਦੇ। ਇਸ ਸਬੰਧੀ ਜੇਕਰ ਕੋਈ ਰੂਲਜ/ਹਦਾਇਤਾਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਹੋਈਆਂ ਹਨ ਤਾਂ ਅਜਿਹੇ ਰੂਲਾਂ ਦੀ ਇਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ ਜੀ।

2. ਉਕਤ ਤੋਂ ਇਲਾਵਾ ਇਹ ਵੀ ਪਤਾ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਕਿ ਹੁਣ ਤੱਕ ਵੱਖ ਵੱਖ ਮਹਿਕਮਿਆਂ ਦੇ ਕਿੰਨੇ ਮੁਲਾਜਮਾਂ ਨੇ ਵਿਦੇਸਾਂ ਵਿੱਚ ਜਾ ਕੇ ਪਰਮਾਨੈਂਟ ਰੈਜੀਡੈਂਸ (ਪੀ.ਆਰ.) ਹਾਸਲ ਕੀਤੀ ਹੈ ਜਾਂ ਗਰੀਨ ਕਾਰਡ ਬਣਾਏ ਹੋਏ ਹਨ, ਇਨਾਂ ਸਾਰਿਆਂ ਦੇ ਨਾਵਾਂ ਦੀ ਸੂਚੀ ਇਸ ਦਫਤਰ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

21/6/13

ਸੰਯੁਕਤ ਡਾਇਰੈਕਟਰ, ਕਰਾਈਮ,
ਵਾ:ਮੁੱਖ ਡਾਇਰੈਕਟਰ,
ਵਿਜੀਲੈਂਸ ਬਿਓਰੋ,ਪੰਜਾਬ,ਚੰਡੀਗੜ੍ਹ।

ਚੌਕਸੀ-4 ਸ਼ਾਖਾ
ਡਾਇਰੀ ਨੰਬਰ 334034
ਮਿਤੀ 26-6-13